# Special ASEAN-India Foreign Ministers' Meeting and related events

June 16, 2022

## ਆਸੀਆਨ-ਭਾਰਤ ਦੇ ਵਿਦੇਸ਼ ਮੰਤਰੀਆਂ ਦੀ ਵਿਸ਼ੇਸ਼ ਮੀਟਿੰਗ ਅਤੇ ਸਬੰਧਤ ਸਮਾਗਮ

**16 ਜੂਨ, 2022**

1. ਭਾਰਤ ਨੇ ਆਸੀਆਨ-ਭਾਰਤ ਸੰਵਾਦ ਸਬੰਧਾਂ ਦੇ 30 ਸਾਲਾਂ ਪੂਰੇ ਹੋਣ 'ਤੇ 16-17 ਜੂਨ 2022 ਤੱਕ ਆਸੀਆਨ-ਭਾਰਤ ਦੇ ਵਿਦੇਸ਼ ਮੰਤਰੀਆਂ ਦੀ ਵਿਸ਼ੇਸ਼ ਮੀਟਿੰਗ (SAIFMM) ਕਰਾਈ, ਜਿਸ ਵਿਚ ਭਾਰਤ ਨੇ ਆਸੀਆਨ ਵਿਦੇਸ਼ ਮੰਤਰੀਆਂ ਅਤੇ ਸਕੱਤਰ ਜਨਰਲ ਦੀ ਮੇਜ਼ਬਾਨੀ ਕੀਤੀ। ਇਸ ਮੀਲ ਪੱਥਰ ਦੀ ਪ੍ਰਾਪਤੀ ਦੀ ਯਾਦ ਵਿਚ ਅਕਤੂਬਰ, 2021 ਵਿੱਚ ਹੋਏ 18ਵੇਂ ਆਸੀਆਨ-ਭਾਰਤ ਸਿਖਰ ਸੰਮੇਲਨ ਵਿੱਚ ਆਸੀਆਨ ਅਤੇ ਭਾਰਤੀ ਨੇਤਾਵਾਂ ਦੁਆਰਾ ਐਲਾਨੇ ਗਏ ਅਨੁਸਾਰ ਸਾਲ 2022 ਨੂੰ ਆਸੀਆਨ-ਭਾਰਤ ਮਿੱਤਰਤਾ ਸਾਲ ਵਜੋਂ ਮਨਾਇਆ ਜਾ ਰਿਹਾ ਹੈ।

2. SAIFMM ਦੀ ਸਹਿ-ਪ੍ਰਧਾਨਗੀ ਭਾਰਤ ਦੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਅਤੇ ਸਿੰਗਾਪੁਰ ਗਣਰਾਜ ਦੇ ਵਿਦੇਸ਼ ਮੰਤਰੀ ਡਾ. ਵਿਵਿਅਨ ਬਾਲਕ੍ਰਿਸ਼ਨਨ ਨੇ ਕੀਤੀ। ਮੀਟਿੰਗ ਵਿੱਚ ਬਰੂਨੇਈ, ਕੰਬੋਡੀਆ, ਇੰਡੋਨੇਸ਼ੀਆ, ਮਲੇਸ਼ੀਆ, ਵੀਅਤਨਾਮ ਦੇ ਵਿਦੇਸ਼ ਮੰਤਰੀਆਂ ਅਤੇ ਆਸੀਆਨ ਦੇ ਸਕੱਤਰ ਜਨਰਲ ਦੇ ਨਾਲ ਨਾਲ ਲਾਓ ਪੀਡੀਆਰ, ਫਿਲੀਪੀਨਜ਼ ਅਤੇ ਥਾਈਲੈਂਡ ਦੇ ਵਿਦੇਸ਼ ਮੰਤਰੀਆਂ ਦੇ ਨੁਮਾਇੰਦੇ ਵੀ ਸ਼ਾਮਲ ਹੋਏ। ਮੰਤਰੀਆਂ ਨੇ ਆਸੀਆਨ-ਭਾਰਤ ਭਾਈਵਾਲੀ ਦੀ ਸਮੀਖਿਆ ਕੀਤੀ ਅਤੇ ਆਉਣ ਵਾਲੇ ਦਹਾਕੇ ਲਈ ਇਸਦਾ ਰਾਹ ਨਿਰਧਾਰਿਤ ਕੀਤਾ। ਵਿਚਾਰ-ਵਟਾਂਦਰੇ ਵਿੱਚ ਕੋਵਿਡ-19 ਅਤੇ ਸਿਹਤ, ਵਪਾਰ ਅਤੇ ਵਣਜ, ਭੌਤਿਕ ਅਤੇ ਡਿਜੀਟਲ ਕਨੈਕਟੀਵਿਟੀ, ਸਿੱਖਿਆ ਅਤੇ ਸਮਰੱਥਾ ਨਿਰਮਾਣ ਦੇ ਮੁੱਖ ਫੋਕਸ ਵਾਲੇ ਖੇਤਰਾਂ ਅਤੇ ਹਿੰਦ-ਪ੍ਰਸ਼ਾਂਤ 'ਤੇ ਆਸੀਆਨ ਦ੍ਰਿਸ਼ਟੀਕੋਣ (AOIP) ਬਾਰੇ ਸਹਿਯੋਗ ਦੇ ਵਿਸ਼ੇ 'ਤੇ ਆਸੀਆਨ-ਭਾਰਤ ਸਾਂਝਾ ਐਲਾਨੀਆ ਨੂੰ ਲਾਗੂ ਕਰਨਾ ਸ਼ਾਮਲ ਹੈ। ਮੰਤਰੀਆਂ ਨੇ ਮਹੱਤਵਪੂਰਨ ਖੇਤਰੀ ਅਤੇ ਅੰਤਰਰਾਸ਼ਟਰੀ ਘਟਨਾਕ੍ਰਮ ਅਤੇ ਮਹਾਂਮਾਰੀ ਤੋਂ ਬਾਅਦ ਦੀ ਆਰਥਿਕ ਬਹਾਲੀ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ। ਮੀਟਿੰਗ ਦੌਰਾਨ ਸਰਬਸੰਮਤੀ ਨਾਲ ਸਹਿ-ਪ੍ਰਧਾਨਾਂ ਦੇ ਬਿਆਨ ਨੂੰ ਅਪਣਾਇਆ ਗਿਆ. ਆਸੀਆਨ ਵਿਦੇਸ਼ ਮੰਤਰੀਆਂ ਅਤੇ ਆਸੀਆਨ ਸਕੱਤਰ ਜਨਰਲ ਨੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨਾਲ ਵੀ ਮੁਲਾਕਾਤ ਕੀਤੀ।

3. ਇਸ ਫੇਰੀ ਦੌਰਾਨ ਆਸੀਆਨ ਦੇ ਵਿਦੇਸ਼ ਮੰਤਰੀ, ਆਸੀਆਨ ਦੇ ਸਕੱਤਰ ਜਨਰਲ ਅਤੇ ਵਿਦੇਸ਼ ਮੰਤਰੀਆਂ ਦੇ ਪ੍ਰਤੀਨਿਧੀ ਡਾ. ਜੈਸ਼ੰਕਰ ਦੇ ਨਾਲ ਦਿੱਲੀ ਡਾਇਲਾਗ (DDXII ) ਦੇ ਬਾਰ੍ਹਵੇਂ ਐਡੀਸ਼ਨ ਦੇ ਮੰਤਰੀ ਪੱਧਰੀ ਸੈਸ਼ਨ ਨੂੰ ਵੀ ਸੰਬੋਧਨ ਕਰਨਗੇ ਜੋ ਆਸੀਆਨ-ਭਾਰਤ ਦੇ 30 ਸਾਲਾਂ ਦੇ ਸਬੰਧਾਂ 'ਤੇ ਕੇਂਦਰਿਤ ਹੈ ਅਤੇ ਜਿਸਦਾ ਵਿਸ਼ਾ ਹੈ 'ਹਿੰਦ-ਪ੍ਰਸ਼ਾਂਤ ਵਿੱਚ ਪੁਲਾਂ ਦਾ ਨਿਰਮਾਣ'। 2009 ਵਿੱਚ ਸ਼ੁਰੂ ਕੀਤਾ ਗਿਆ ਦਿੱਲੀ ਡਾਇਲਾਗ ਭਾਰਤ ਦਾ ਪ੍ਰਮੁੱਖ ਸਾਲਾਨਾ ਟਰੈਕ 1.5 ਡਾਇਲਾਗ ਹੈ, ਜਿਸਦਾ ਉਦੇਸ਼ ਸਮਕਾਲੀ ਆਲਮੀ ਅਤੇ ਖੇਤਰੀ ਹਾਲਾਤ ਦੇ ਸੰਦਰਭ ਵਿੱਚ ਆਸੀਆਨ-ਭਾਰਤ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਹੈ।

4. ਕੁੱਲ ਮਿਲਾ ਕੇ ਇਹ ਮੀਟਿੰਗਾਂ ਦੋਸਤੀ ਅਤੇ ਸਹਿਯੋਗ ਦੇ ਮਾਹੌਲ ਵਿੱਚ ਹੋਈਆਂ ਅਤੇ ਇੰਨਾਂ ਸਦਕਾ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਕਿ ਭਾਰਤ ਆਸੀਆਨ ਨਾਲ ਆਪਣੇ ਸਬੰਧਾਂ ਨੂੰ ਕਿੰਨਾ ਜ਼ਿਆਦਾ ਮਹੱਤਵ ਦਿੰਦਾ ਹੈ, ਜੋ ਕਿ ਇਸਦੀ ਐਕਟ ਈਸਟ ਨੀਤੀ ਅਤੇ ਵਧੇਰੇ ਹਿੰਦ-ਪ੍ਰਸ਼ਾਂਤ ਖੇਤਰ ਪ੍ਰਤੀ ਭਾਰਤੀ ਨੀਤੀ ਅੰਦਰ ਆਸੀਆਨ ਦੀ ਕੇਂਦਰੀ ਭੂਮਿਕਾ ਤੋਂ ਸਾਬਤ ਹੁੰਦਾ ਹੈ।

ਨਵੀਂ ਦਿੱਲੀ
16 ਜੂਨ, 2022

DISCLAIMER: This is an approximate translation. The original is available in English on MEA's website and may be referred to as the official press release.